International Journal of Research
*Special Issue for UGC Approved Journal-Punjabi Papers*
Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
December 2017

# ਹਿਜੜਾ ਲਿੰਗ ਦੀ ਉੱਤਪਤੀ ਤੇ ਇੱਕ ਤ੍ਰਿਸਕਾਰਤ ਹੋਂਦ

ਸਹਾ.ਪ੍ਰੋ.ਗੁਰਬਿੰਦਰ ਸਿੰਘ,

M.R.S.ਕਾਲਜ,

ਮਲੋਟ,

ਮੋਬ.ਨੰ.99143-15802

ਕੁਦਰਤ ਦੀ ਵਸਾਈ ਇਸ ਸ੍ਰਿਸ਼ਟੀ ਵਿੱਚ ਲੱਖਾਂ ਜੀਵ ਜੰਤੂ, ਪ੍ਰਾਣੀ ਹਨ।ਇਸ ਸਮੁੱਚੀ ਕਾਇਨਾਤ ਵਿੱਚ ਇਨਸਾਨ ਨੂੰ ਸਭ ਤੋਂ ਸ੍ਰੇਸ਼ਟ ਮੰਨਿਆ ਗਿਆ ਹੈ।ਆਮ ਧਾਰਨਾ ਹੈ ਕਿ ਇਨਸਾਨੀ ਜੀਵਨ 84 ਲੱਖ ਵੱਖ-ਵੱਖ ਜੂਨਾਂ ਭੁਗਤਣ ਤੋਂ ਬਾਅਦ ਹੀ ਮਿਲਦਾ ਹੈ।ਇਸ ਲਈ ਇਨਸਾਨੀ ਜੀਵਨ ਸਭ ਤੋਂ ਮਹੱਤਵਪੂਰਨ ਜੂਨ ਮੰਨੀ ਗਈ ਹੈ,ਕਿਉਂਕਿ ਇਨਸਾਨ ਹੀ ਉਹ ਪ੍ਰਾਣੀ ਹੈ,ਜੋ ਆਪਣੇ ਜੀਵਨ ਨੂੰ ਆਪਣੇ ਢੰਗ ਨਾਲ ਵਧੇਰੇ ਮਾਣ ਸਕਦਾ ਹੈ।ਇਨਸਾਨ ਵਿੱਚ ਉਹ ਗੁਣ ਹਨ ਜੋ ਕੁਦਰਤ ਦੇ ਬਾਕੀ ਜੀਵਾਂ ਨਹੀਂ।ਇਨਸਾਨ ਦੀ ਇਹ ਦੁਨੀਆਂ ਲਿੰਗਕ ਤੌਰ 'ਤੇ ਮਰਦ ਤੇ ਔਰਤ ਦੇ ਰੂਪਾਂ ਵਿੱਚ ਵੰਡੀ ਹੋਈ ਹੈ ਅਤੇ ਦੋਹਾਂ ਨੂੰ ਇੱਕ ਦੂਜੇ ਤੋਂ ਬਿਨਾਂ ਅਧੂਰਾ ਸਮਝਿਆ ਜਾਂਦਾ ਹੈ,ਪ੍ਰੰਤੂ ਸਾਡੇ ਸਮਾਜ ਵਿੱਚ ਕੁਦਰਤ ਦੇ ਉਹ ਇਨਸਾਨ ਵੀ ਹਨ,ਜ੍ਹਿਨਾਂ 'ਤੇ ਕੁਦਰਤ ਨੇ ਕਹਿਰ ਢਹਿਆ ਹੈ।ਉਹ ਲੋਕ ਜੋ ਨਾ ਤਾਂ ਔਰਤਾਂ ਵਿੱਚ ਗਿਣੇ ਜਾਂਦੇ ਹਨ ਅਤੇ ਨਾ ਹੀ ਮਰਦਾਂ ਵਿੱਚ।ਉਹਨਾਂ ਲੋਕਾਂ ਨੂੰ ਸਮਾਜ 'ਖੁਸਰਾ' ਜਾਂ 'ਹਿਜੜਾ' ਕਹਿ ਕੇ ਸੰਬੋਧਿਤ ਹੁੰਦਾ ਹੈ।

ਸਮਾਜ, ਮਾਤਾ-ਪਿਤਾ ਵੱਲੋਂ ਤ੍ਰਿਸਕਾਰੇ ਇਸ ਮਨੁੱਖ/ਜੀਵ ਦੀ ਉੱਤਪਤੀ ਸੰਬੰਧੀ ਵੀ ਸਾਡੇ ਸਮਾਜ ਵਿੱਚ ਕਈ ਧਾਰਨਾਵਾਂ ਪ੍ਰਚਲਿਤ ਹਨ,ਜਿਵੇਂ:ਘਰ ਵਿੱਚ ਆਏ ਮਹੰਤਾਂ/ਖੁਸਰਿਆਂ ਦਾ ਨਿਰਾਦਰ ਕਰਨਾ, ਕਿਸੇ ਸਰਾਪ ਕਾਰਨ,ਮਾੜੇ ਕਰਮਾਂ ਕਾਰਨ,ਪਰ ਕੁੱਝ ਕਾਰਨ ਝਨ ਜੋ 'ਖੁਸਰਾ' ਦੇ ਪੈਦਾ ਹੋਣ ਲਈ ਜਿੰਮੇਵਾਰ ਹਨ,ਵਿਗਿਆਨ ਨੇ ਸਪੱਸ਼ਟ ਕੀਤੇ ਹਨ।

ਕਿਸੇ ਸਰੀਰ ਅੰਦਰ ਲਿੰਗ ਅੰਗਾਂ ਦਾ ਪ੍ਰਬੰਧ ਹੁੰਦਾ ਹੈ,ਜਿਹੜੇ ਜਿਨਸੀ ਜਣਨ ਦੇ ਮਕਸਦ ਨਾਲ ਮਿਲਕੇ ਕੰਮ ਕਰਦੇ ਹਨ।ਕਈ ਤਰਲ,ਹਾਰਮੋਨ ਅਤੇ ਫੇਰੋਮੋਨ ਵਰਗੇ ਨਿਰਜੀਵ ਪਦਾਰਥ ਵੀ ਹਨ ਜੋ ਜਣਨ ਸਿਸਟਮ ਲਈ ਮਹੱਤਵਪੂਰਨ ਸਹਾਇਕ ਤੱਤ ਹਨ।

(1)ਅਸੀਂ ਜਾਣਦੇ ਹਾਂ ਕਿ ਹਰੇਕ ਬੱਚੇ ਦੇ ਜੀਵਨ ਦਾ ਮੁੱਢ ਔਰਤ-ਮਰਦ ਦੇ ਇੱਕ-ਇੱਕ ਸੈੱਲ ਤੋਂ ਸ਼ੁਰੂ ਹੁੰਦਾ ਹੈ।ਔਰਤ ਦਾ ਸੈੱਲ ਉਸ ਆਂਡੇ ਵਿੱਚ ਹੁੰਦਾ ਹੈ ਜੋ ਹਰ ਜੁਆਨ ਔਰਤ ਮਹੀਨੇ ਵਿੱਚ ਇੱਕ ਵਾਰ ਪੈਦਾ ਕਰਦੀ ਹੈ।ਮਰਦ ਦਾ ਸੈੱਲ ਉਸਦੇ ਵਿਰਜ਼ ਵਿੱਚ ਹੁੰਦਾ ਹੈ।ਆਂਡੇ ਤੇ ਵੀਰਜ਼ ਦੇ ਮਿਲਾਪ ਨਾਲ ਹੀ ਜੀਵਨ ਦੀ ਸ਼ੁਰੂਆਤ ਹੁੰਦੀ ਹੈ।ਔਰਤ ਦੇ ਆਂਡੇ ਵਿੱਚ ਇੱਕੋ ਹੀ ਕਿਸਮ ਦੇ ਐਕਸ ਕਰੋਮੋਸੋਮ ਹੁੰਦੇ ਹਨ,ਪਰ ਮਰਦ ਦੇ ਵੀਰਜ਼ ਵਿੱਚ ਐਕਸ ਕਰੋਮੋਸੋਮ ਤੇ ਵਾਈ ਕਰੋਮੋਸੋਮ ਹੁੰਦੇ ਹਨ। ਜੇਕਰ ਮਰਦ ਦੇ

e-ISSN: 2348-6848
p-ISSN: 2348-795X
Volume 04 Issue 19
December 2017

ਵੀਰਜ਼ ਵਿਚਲਾ ਐਕਸ ਕਰੋਮੋਸੋਮ ਔਰਤ ਦੇ ਆਂਡੇ ਵਿਚਲੇ ਐਕਸ ਕਰੋਮੋਸੋਮ ਨਾਲ ਮਿਲਦਾ ਹੈ ਤਾਂ ਲੜਕੀ ਪੈਦਾ ਹੁੰਦੀ ਹੈ,ਪਰ ਜੇ ਮਰਦ ਦੇ ਵੀਰਜ਼ ਵਿਚਲਾ ਵਾਈ ਕਰੋਮੋਸੋਮ ਔਰਤ ਦੇ ਆਂਡੇ ਵਿਚਲੇ ਐਕਸ ਕਰੋਮੋਸੋਮ ਨਾਲ ਮਿਲ ਜਾਵੇ ਤਾਂ ਲੜਕਾ ਪੈਦਾ ਹੁੰਦਾ ਹੈ।ਇਸ ਤਰ੍ਹਾਂ ਜੇਕਰ ਕੁਦਰਤੀ ਤੌਰ 'ਤੇ ਔਰਤ-ਮਰਦ ਦੇ ਦੋ ਕਰੋਮੋਸੋਮ ਜੁੜਨ ਦੀ ਬਜਾਏ, ਮਰਦ ਦੇ ਵੀਰਜ਼ ਵਿਚਲੇ ਐਕਸ,ਵਾਈ ਕਰੋਮੋਸੋਮ ਅਤੇ ਔਰਤ ਦੇ ਆਂਡੇ ਵਿਚਲਾ ਐਕਸ ਕਰੋਮੋਸੋਮ ਤਿੰਨੋਂ ਹੀ ਆਪਸ ਵਿੱਚ ਜੁੜ ਜਾਣ ਤਾਂ ਅਜਿਹੀ ਸਥਿਤੀ ਵਿੱਚ ਪੈਦਾ ਹੋਣ ਵਾਲਾ ਬੱਚਾ ਖੁਸਰਾ ਪੈਦਾ ਹੋਵੇਗਾ। ਅਜਿਹੇ ਜਨਮੇ ਬੱਚੇ ਵਿੱਚ ਕਈ ਵਾਰ 50 ਫੀਸਦੀ ਗੁਣ ਔਰਤਾਂ ਵਾਲੇ ਅਤੇ 50 ਫੀਸਦੀ ਅੰਸ਼ ਮਰਦਾਂ ਵਾਲੇ ਹੁੰਦੇ ਹਨ। ਆਮ ਤੌਰ 'ਤੇ ਖੁਸਰਿਆਂ ਵਿੱਚ ਔਰਤਾਂ ਅਤੇ ਮਰਦਾਂ ਦੇ ਅੰਸ਼ ਰਲਵੇਂ ਮਿਲਵੇਂ ਜਾਂ ਘੱਟ ਵੱਧ ਹੁੰਦੇ ਹਨ।

ਇੱਕ ਹੋਰ ਹਵਾਲੇ ਅਨੁਸਾਰ ਲਿੰਗ ਅੰਗਾਂ ਤੋਂ ਹੋਰ ਕੰਮ ਲਏ ਜਾਣ ਦੇ ਨਾਲ-ਨਾਲ ਸਭ ਤੋਂ ਅਹਿਮ ਕੰਮ ਇਹ ਲਿਆ ਜਾਂਦਾ ਹੈ ਕਿ ਉਨ੍ਹਾਂ ਤੋਂ ਜਣਨ ਸੈੱਲ ਪੈਦਾ ਕੀਤੇ ਜਾਂਦੇ ਹਨ ਜੋ ਕਿ ਜਿਨ੍ਹਾਂ ਨੂੰ ਗੈਮੀਟਸ ਕਹਿੰਦੇ ਹਨ।ਇਹ ਉਰਸ ਬੁਨਿਆਦੀ ਤੌਰ ਤੇ ਦੋ ਹੀ ਕਿਸਮਾਂ ਦੇ ਹੁੰਦੇ ਹਨ।ਇੱਕ ਉਹ ਜੋ ਕਿ ਮਾਦਾ ਦੇ ਜਿਸਮ ਵਿੱਚ ਪੈਦਾ ਹੁੰਦੇ ਹਨ ਅਤੇ ਇਨ੍ਹਾਂ ਨੂੰ ਓਵਾ ਕਿਹਾ ਜਾਂਦਾ ਹੈ, ਜਦਕਿ ਦੂਸਰੇ ਉਹ ਜੋ ਕਿ ਨਰ ਦੇ ਜਿਸਮ ਵਿੱਚ ਪੈਦਾ ਹੁੰਦੇ ਹਨ,ਜਿਨ੍ਹਾਂ ਨੂੰ ਸਪਰਮ ਕਿਹਾ ਜਾਂਦਾ ਹੈ। ਫਿਰ ਜਦ ਬਾਲਗ਼ ਜਾਨਦਾਰ(ਮਾਦਾ ਅਤੇ ਨਰ) ਵਿੱਚ ਜਣਨ ਸੈੱਲ ਬਣ ਜਾਂਦੇ ਹਨ ਤਾਂ ਇਸ ਦੇ ਬਾਅਦ ਨਰ ਤੇ ਮਾਦਾ ਦੇ ਮਿਲਣੀ ਕਰਨ ਤੇ ਨਰ ਸਪਰਮ, ਮਾਦਾ ਓਵਾ ਨਾਲ ਮਿਲ ਜਾਂਦਾ ਹੈ।ਇਸ ਤਰ੍ਹਾਂ ਇਸ ਮਿਲਣੀ ਨਾਲ ਇੱਕ ਨਵਾਂ ਸੈੱਲ ਬਣਦਾ ਹੈ ਜਿਸ ਨੂੰ ਜ਼ਾਈਗੋਟ ਕਿਹਾ ਜਾਂਦਾ ਹੈ ਅਤੇ ਇਹੀ ਨਵਾਂ ਸੈੱਲ ਪਲ ਕੇ ਇਸ ਜਾਨਦਾਰ ਦਾ ਇੱਕ ਨਵਾਂ ਬੱਚਾ ਬਣਦਾ ਹੈ।ਜਦੋਂ ਮਾਦਾ ਵਿਚਲਾ ਓਵਾ ਅਤੇ ਨਰ ਵਿਚਲੇ ਦੋਨੋਂ ਸਪਰਮ ਆਪਸ ਵਿੱਚ ਮਿਲਦੇ ਹਨ ਤਾਂ ਇਸ ਜਾਨਦਾਰ ਤੋਂ ਇੱਕ ਥਰਡਜੈਂਡਰ ਪੈਦਾ ਹੁੰਦਾ ਹੈ, ਜੋ ਨਾ ਤਾਂ ਪੂਰੀ ਤਰ੍ਹਾਂ ਨਰ ਹੁੰਦਾ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਮਾਦਾ।

(2)'ਹਿਜੜਾ' ਜਾਂ 'ਖੁਸਰਾ' ਵਰਗ ਦੀ ਪ੍ਰਭਾਸ਼ਿਕ ਸ਼ਬਦਾਵਲੀ ਵੱਲ ਝਾਤ ਮਾਰੀਆਂ ਪਤਾ ਲੱਗਦਾ ਹੈ ਕਿ 'ਹਿਜੜਾ' ਜਾਂ 'ਖੁਸਰਾ' ਅਜਿਹੇ ਮਨੁੱਖਾਂ ਨੂੰ ਕਿਹਾ ਜਾਂਦਾ ਹੈ ਜੋ ਲਿੰਗ ਵਜੋਂ ਨਾ ਨਰ ਹੁੰਦੇ ਹਨ ਨਾ ਮਾਦ(3) ਜਨਮ ਦੇ ਸਮੇਂ ਲੈਂਗਿਕ ਵਿਕਾਰ ਦੇ ਕਾਰਨ ਅਜਿਹਾ ਹੁੰਦਾ ਹੈ।'ਹਿਜੜਾ' ਸ਼ਬਦ ਦੱਖਣੀ ਏਸ਼ੀਆ ਵਿੱਚ ਪ੍ਰਚਲਿਤ ਹੈ।ਅਧਿਕਾਸ਼ ਹਿਜੜੇ ਸਰੀਰਕ ਤੌਰ ਤੇ ਨਰ ਹੁੰਦੇ ਹਨ ਜਾਂ ਆਖੀਰ:ਲਿੰਗੀ(intersex) ਪਰ ਕੁੱਝ ਮਾਦਾ(ਇਸਤਰੀ) ਵੀ ਹੁੰਦੇ ਹਨ। ਉਹ ਆਪਣੇ-ਆਪ ਲਈ ਆਮ ਤੌਰ ਤੇ ਇਸਤਰੀ ਲਿੰਗ ਭਾਸ਼ਾ ਦਾ ਪ੍ਰਯੋਗ ਕਰਦੇ ਹਨ (ਜਿਵੇਂ:-ਮੈਂ ਸੁੰਦਰ ਲੱਗ ਰਹੀ ਹਾਂ?)

ਪਹਿਲਾਂ ਦੇ ਸਮੇਂ ਵਿੱਚ ਹਿਜੜਿਆਂ ਨੂੰ ਜ਼ਨਾਨਾ ਮਹਿਲਾਂ ਅਤੇ ਹਰਮਾਂ ਵਿੱਚ ਦਰੋਗਿਆਂ ਦੇ ਤੌਰ ਉੱਤੇ ਰੱਖਿਆ ਜਾਂਦਾ ਸੀ।ਭਾਰਤ ਵਿੱਚ ਮੁਗਲਾਂ ਦੇ ਸਮੇਂ ਇਹਨਾਂ ਦੀ ਬਹੁਤ ਮਾਨਤਾ ਹੋਣ ਬਾਰੇ ਦਾਅਵੇ ਕੀਤੇ ਜਾਂਦੇ ਹਨ।ਇਹਨਾਂ ਨੂੰ'ਖੁਵਾਜਾ ਸਰਾਂ'ਕਿਹਾ ਜਾਂਦਾ ਸੀ ਅਤੇ ਖੁਸਰਾ ਇਸਦਾ ਹੀ ਵਿਗੜਿਆ ਹੋਇਆ ਰੂਪ ਹੈ। ਖਵਾਜਾ ਸਰਾਂ ਦਾ ਅਰਥ ਹੈ:-ਅੱਲ੍ਹਾ ਦੇ ਘਰ ਦਾ ਰਾਹਗੀਰ, ਅੱਲ੍ਹਾ ਦਾ ਸਭ ਤੋਂ ਨੇੜ ਦਾ ਜੀਵ(4) ਸ਼ਬਦ 'ਹਿਜ' ਦਾ ਭਾਵ ਹੈ, ਆਤਮਾ। ਇਹ ਜਿਸ ਦੇਹ 'ਚ ਰਹਿੰਦੀ ਹੈ ਉਸ ਨੂੰ ਹਿਜੜਾ ਕਹਿੰਦੇ ਹਨ।'ਹਿਜੜਾ'ਸ਼ਬਦ ਦੀ ਨਿਰੁਕਤੀ 'ਹਿਜਰ' ਤੋਂ ਹੋਈ ਹੈ।ਹਿਜਰ ਦਾ ਭਾਵ ਹੈ,ਉਹ ਸ਼ਖਸ ਜੋ ਆਪਣੇ ਕਬੀਲੇ ਨੂੰ ਛੱਡ ਕੇ

International Journal of Research
*Special Issue for UGC Approved Journal-Punjabi Papers*
Available at https://edupediapublications.org/journals

e-ISSN: 2348-6848
p-ISSN: 2348-795X
Volume 04 Issue 19
December 2017

**ਬਾਹਰ ਚਲਿਆ ਜਾਵੇ।ਇੰਜ ਹਿਜੜਾ ਉਹ ਵਿਅਕਤੀ ਹੈ ਜੋ ਔਰਤ ਮਰਦ ਦੀ ਮੁੱਖ ਧਾਰਾ ਤੋਂ ਬਾਹਰ ਹੋ ਚੁੱਕਾ ਹੈ।**(6) **।ਹਿਜੜਾ ਸ਼ਬਦ ਸਮਾਜਿਕ ਅਰਥਾਂ 'ਚ ਹੈ ਨਾ ਕਿ ਜੈਵਿਕ ਭਾਵ ਪ੍ਰਕਿਰਤਕ।ਕੋਈ ਹਿਜੜਾ ਜਨਮ ਤੋਂ ਹੀ ਨਹੀਂ ਹੁੰਦਾ ਬਲਕਿ ਸਮਾਜ ਜਾਂ ਸਮਾਜ ਤੋਂ ਉਪਜੀ ਮਾਨਸਿਕਤਾ/ਮਨੋਵਿਗਿਆਨ ਉਸ ਨੂੰ ਬਣਾ ਦਿੰਦੀ ਹੈ।**

**ਹਿਜੜਾ ਉਹ ਹੈ ਜੋ ਹੈ ਤਾਂ ਮਰਦ ਪਰ ਉਹ ਔਰਤ ਵਾਂਗ ਮਹਿਸੂਸ ਕਰਦਾ ਹੈ।ਇਸ ਲਈ ਉਹ ਮਰਦ ਹੋ ਕੇ ਵੀ ਮਰਦ ਵੱਲ ਆਕਰਸ਼ਿਤ ਹੁੰਦਾ ਹੈ।ਕੋਈ ਹਿਜੜਈ ਪ੍ਰਵਿਰਤੀ ਵਾਲਾ ਬੱਚਾ ਜਦੋਂ ਜਵਾਨ ਹੋਣਾ ਸ਼ੁਰੂ ਹੁੰਦਾ ਹੈ ਜਾਂ ਇਹ ਕਹਿ ਲਵੋ ਉਸ ਅੰਦਰ ਕਾਮ ਉਤੇਜਨਾ ਜਾਗਣ ਲੱਗਦੀ ਹੈ ਤਾਂ ਉਹ ਔਰਤ ਵੱਲ ਖਿੱਚ ਮਹਿਸੂਸ ਕਰਨ ਦੀ ਬਜਾਏ ਮਰਦ ਤੇ ਰੀਝਣਾ ਸ਼ੁਰੂ ਕਰਦਾ ਹੈ।ਇਸ ਕਾਰਨ ਉਸ ਦੇ ਹਾਵ-ਭਾਵ,ਅੰਦਾਜ਼, ਭਾਸ਼ਾ ਤੇ ਝੁਕਾਓ ਔਰਤਾਂ ਵਾਲੇ ਹੋਣੇ ਸ਼ੁਰੂ ਹੋ ਜਾਂਦੇ ਹਨ। ਉਹ ਆਪਣੇ ਆਪ ,ਆਪਣੇ ਪਰਿਵਾਰ ਤੇ ਸਮਾਜ 'ਚ ਵੱਖਰਾ ਤੇ ਪਰ/ਦੂਜਾ ਮਹਿਸੂਸ ਕਰਨ ਲੱਗਦੇ ਹਨ।ਉਹ ਆਪਣੇ ਵਰਗਿਆਂ ਦੀ ਤਲਾਸ਼ ਕਰਦਾ ਹੋਇਆ ਹਿਜੜਿਆਂ ਦੇ ਘਰਾਣਿਆਂ 'ਚ ਸ਼ਾਮਿਲ 0ਹੋ ਜਾਂਦਾ ਹੈ।ਇਸ ਸ਼ਾਮਿਲ ਹੋਣ ਦੀ ਰਸਮ ਨੂੰ 'ਜੋਗਜਨਮ' ਕਹਿੰਦੇ ਹਨ।**

**ਇਸ ਧਰਤੀ ਉੱਪਰ ਕੁਦਰਤੀ ਹਜਿੜਿਆਂ ਤੋਂ ਿ ਨਾਂ ਜ਼ ਰਦਸਤੀ ਣਾਏ ਗਏ ਹਜਿੜਿਆਂ ਦਾ ਵੇਰਵਾ ਪੂਰ ੀ ਯੂਰਪ ਵਿੱ ਚ** 6500 **ਸਾ ਪਹਿ ਾਂ ਮਿਸਰ ਦੇ ਮਕ ਰਿਆਂ 'ਤੇ ਣੇ ਚਿੱਤਰਾਂ ਤੋਂ ਮਿ ਦਾ ਹੈ।** 1300 **ਈਸਵੀ ਸਾ ਪਹਿ ਾਂ ਮਿਸਰ ਤੇ ਇਥੋਪੀਅਨ ਯੁੱਗ ਵਿੱ ਚ ਮਿਸਰ ਰਾਜਾ ਮੈੜਪਤਾਰ ਦੇ ਹੁਕਮਾਂ ਤੇ ੀ ਿਆ ਸੈਨਾ ਵੱ** 13230 **ਵਿਅਕਤੀਆਂ ਦਾ ਿ ਹਗ ਕੱਟਕੇ ਹਜਿੜਾ ਣਾਏ ਜਾਣ ਦਾ ਇਹਿਤਾਸਕ ਵੇਰਵਾ ਦਰਜ ਹੈ।ਇਸ ਤੋਂ ਾਅਦ ਵਰਤਮਾਨ ਯੁੱਗ ਵਿੱ ਚ ਘਰ 'ਚ ਰੱਖੇ ਜਾਂਦੇ ਗੁ ਾਮਾਂ ੂਨੂ ਹਜਿੜਾ ਣਾਏ ਜਾਣ ਦਾ ਵੇਰਵਾ ਹੈ।ਤਦ ਗੁ ਾਮਾਂ ਕੂ ਆਪਣੇ ਹਪਤੀ ਵਫਾਦਾਰੀ ਈ ਅਤੇ ਪਰਿਵਾਰ ਦੀਆਂ ਔਰਤਾਂ ਨਾ ਗੁ ਾ ਮ ਕੋਈ ਜ਼ ਰ ਜਿਨਾਹ ਨਾ ਕਰ ਸਕਣ ਈ ਵੀ ਹਜਿੜਾ ਣਾਇਆ ਜਾਂਦਾ ਸੀ। ਹਪਾਚੀਨ ਦੇਸ਼ ਵਿੱ ਚ ਕਿਸੇ ਵਿਅਕਤੀ ਕੂ ਸਜ਼ਾ ਦੇ ਤੌਰ 'ਤੇ ਵੀ ਹਜਿੜਾ ਣਾਇਆ ਜਾਂਦਾ ਸੀ। ਹਪਾਚੀਨ ਚੀਨ ਦੇ ਮਿੰ ਗ ਰਾਜਵਿ ਸ਼ ਦੌਰਾਨ** 70 **ਹਜ਼ਾਰ ਹਜਿੜਿਆਂ ਹ ਨੂ ਸਾਮਰਾਜ ਵਿੱ ਚ ੌਨਕਰੀ ਦੇਣ ਦਾ ਇੱ ਕ ਇਹਿਤਾਸਕ ਤੱਥ ਹੈ। ਇਹਨਾਂ ਕੂ ਔਰਤ ਖਾਨਿਆਂ ਦੀ ਨਿਗਰਾਨੀ ਈ ਵੀ ਰੱਖਿਆ ਜਾਂਦਾ ਸੀ।ਅੱ ਜ ਦੇ ਇੰ ਗ ੈਂਡ ਵਿਚ ੇ ਸ਼ਾਹੀ ਘਰਾਣੇ(ਵਿੰ ਨਡਸਰ) ਆਪਣੇ ਘਰੇੂ ੌਨਕਰਾਂ ਈ ਸਮਿ ਹਗੀ ਅਤੇ ਖੁਸਰਿਆਂ ਕੂ ਤਹਰੀਜ ਦਿੰਦੇ ਹਨ।** 1857 **ਤੋਂ ਾਅਦ ਖੁਸਰੇ ਣਾਉਣ ਵਾ ੀ ਗੁ ਾਮੀ ਤੇ ਰੋਕ ਗਾ ਦਿੱਤੀ ਗਈ।ਫਿਰ ਮਿਸਰ 'ਚ** 1902 **ਵਿੱ ਚ ਵੇਟੀਕਰਨ ਨੇ ਇਸ 'ਤੇ ਰੋਕ ਗਾਈ ।** 1924 **ਵਿੱ ਚ ਚੀਨ ਨੇ ਇਹ ਰੋਕ ਾਈ। ਆਜ਼ਾਦੀ ਤੋਂ ਾਅਦ** 1955 **ਵਿੱ ਚ ਭਾਰਤ ਤੋਂ ਅਣਗਿਣਤ ਹਜਿੜਿਆਂ ਕੂ ਜ ਾਵਤਨ ਕੀਤਾ ਗਿਆ। ਦੇਸ਼ 'ਚ ਹੰੁਦੀ ਜਨ-ਗਣਨਾ ਵਿੱ ਚ ਸਿਰਫ਼ ਪੁਰਸ਼-ਔਰਤਾਂ ਦਾ ਹੀ ਜ਼ਿਕਰ ਆਉਂਦਾ ਹੈ ,ਪਰ ਖੁਸਰਿਆਂ ਦੀ ਜਨ-ਗਣਨਾ ਦਾ ਕੋਈ ਜ਼ਿਕਰ ਹਨੀਂ ਹੰੁਦਾ। ਇੱ ਕ ਸਰਵੇਖਣ ਅਨੁਸਾਰ ਦੇਸ਼ ਭਰ ਵਿੱ ਚ ਖੁਸਰਿਆਂ ਦੀ ਸਿ ਖਿਆ** 9 **ੱਖ ਦੇ ਕਰੀ ਹੈ। ਪਿ ਜਾ ਵਰਗੇ ਸੂ ੇ ਵਿੱ ਚ** 15 **ਤੋਂ** 20 **ਹਜ਼ਾਰ ਦੇ ਕਰੀ ਇਹਨ ਾ ਦੀ ਸਿ ਖਿਆ ਹੈ।ਪਰ ਇਸ ਗਿਣਤੀ ਵਿੱ ਚ ਕਈ ਫੀਸਦੀ ਗੈਰ-ਕੁਦਰਤੀ ਖੁਸਰਿਆਂ ਦਾ ਸ਼ੁਮਾਰ ਹੋਣਾ ਵੀ ਦੱਸਿਆ ਜਾਂਦਾ ਹੈ।**

ਪੰਜਾਬ ਦੇ ਤਕਰੀਬਨ ਹਰ ਸ਼ਹਿਰ ,ਹਰ ਕਸਬੇ ਵਿੱਚ ਇਹਨਾਂ ਦੇ ਡੇਰੇ ਸਥਾਪਤ ਹਨ।ਇਹਨਾਂ ਡੇਰਿਆਂ ਵਿੱਚ ਵੱਖੋ-ਵੱਖ ਪ੍ਰਮੁੱਖ ਗੁੱਟਾਂ ਦੇ ਚੇਲੇ ਆਪਣੀ ਸਲਤਨਤ ਚਲਾਉਂਦੇ ਹਨ। ਖੁਸਰਿਆਂ ਦੇ ਗੁਰੂਆਂ ਜਾਂ ਮੁਖੀਆਂ ਕੋਲ ਅੱਗੇ 10 ਤੋਂ 30 ਤੱਕ ਚੇਲੇ ਹੁੰਦੇ ਹਨ।ਖੁਸਰਿਆਂ ਦੇ ਕਈ ਪੰਥਾਂ ਵਿੱਚ ਛੋਟੇ ਡੇਰਿਆਂ ਦਾ ਮੁੱਖੀ ਅਹੁਦਾ ਦੇਣ ਲਈ ਬਦਲੇ ਵਿੱਚ ਮੋਟੀ ਰਕਮ ਦੇ ਰੂਪ ਵਿੱਚ 'ਗੁਰੂ ਦਕਸ਼ਣਾ' ਲਈ ਜਾਂਦੀ ਹੈ। ਕਈ ਪੀੜ੍ਹੀਆਂ ਪਹਿਲਾਂ ਇਹ ਲੋਕ ਨਵਾਬਾਂ ਦੀਆਂ ਮਹਿਫਲਾਂ ਵਿੱਚ ਵੀ ਨੱਚ, ਗਾ ਕੇ,ਮਨਪ੍ਰਚਾਵਾ ਕਰੀਆ ਕਰਦੇ ਸਨ। ਅੱਜ ਵੀ ਇਹ ਲੋਕ ਸ਼ਾਦੀ ਵਾਲੇ ਘਰਾਂ 'ਚ ਨਵ -ਵਿਆਹੇ ਜੋੜੇ ਨੂੰ ਆਸ਼ੀਰਵਾਦ ਦੇ ਕੇ ਉਹਨਾਂ ਦੀਆਂ ਖ਼ੁਸ਼ੀਆਂ ਵਿੱਚ ਸ਼ਰੀਕ ਹੋ ਕੇ,ਨੱਚ ਕੇ ਮੀਲੀ ਵਧਾਈ ਨਾਲ ਆਪਣਾ ਗੁਜਾਰਾ ਕਰਦੇ ਹਨ। ਇਸੇ ਤਰ੍ਹਾਂ ਜਿਸ ਘਰ ਔਲਾਦ ਖ਼ਾਸ ਕਰਕੇ ਪੁੱਤਰ ਦਾ ਜਨਮ ਹੁੰਦਾ ਹੈ,ਉਹ ਘਰ ਇਹਨਾ ਦੀਆਂ ਵਧਾਈਆਂ ਵਾਲਾ ਘਰ ਬਣਦਾ ਹੈ। ਇਹ ਲੋਕ ਆਪਣੇ ਟੋਲੇ ਸਮੇਤ ਉਸ ਘਰ ਵਿੱਚ ਨੱਚ ਕੇ,ਗਾ ਕੇ ਵਧਾਈਆਂ ਮੰਗਦੇ ਹਨ। ਇੱਕ ਮਨੌਤ ਅਨੁਸਾਰ ਇਹਨਾਂ ਦਾ ਰੱਬ ਨਾਲ ਸਿੱਧਾ ਸੰਪਰਕ ਹੁੰਦਾ ਹੈ,ਜਿਸ ਕਰਕੇ ਇਹਨਾਂ ਨੂੰ 'ਮਹੰਤ' 'ਗੁਰੂ' ਜਾਂ ਬਾਬਾ ਕਿਹਾ ਜਾਂਦਾ ਹੈ। ਧਾਰਨਾ ਮੁਤਾਬਿਕ ਇਹਨਾਂ ਵੱਲੋਂ ਦਿੱਤੀ ਗਈ ਅਸੀਸ ਬਹੁਤ ਜਲਦੀ ਲੱਗਦੀ ਹੈ ਅਤੇ ਇਹਨਾਂ ਦੇ ਮੂੰਹੋਂ ਨਿਕਲਿਆ ਹਰ ਸ਼ਬਦ ਸੱਚ ਹੋ ਨਿਬੜਦਾ ਹੈ। ਇਸੇ ਕਾਰਨ ਲੋਕ ਆਪਣੀਆਂ ਮੰਨਤਾਂ ਉਤਾਰਨ ਲਈ ਇਹਨਾਂ ਨੂੰ ਮਹਿੰਗੀਆਂ ਸੌਗਾਤਾਂ ਦੇ ਨਾਲ-ਨਾਲ ਪਲਾਟ, ਵਾਹਨ,ਸੋਨੇ ਦੇ ਗਹਿਣੇ ਤੱਕ ਵੀ ਦਾਨ ਦੇ ਰੂਪ ਵਿੱਚ ਦਿੰਦੇ ਹਨ।

ਕੁਦਰਤ ਦੇ ਇਸ ਅਨੋਖੇ ਰੰਗ ਨੂੰ ਰੱਬ ਦੇ ਸਭ ਤੋਂ ਕਰੀਬੀ ਪ੍ਰਾਣੀ ਮੰਨਿਆ ਜਾਂਦਾ ਹੈ।ਚਾਹੇ ਡਰ ਕਾਰਨ ਜਾਂ ਫ਼ਿਰ ਹਮਦਰਦੀ ਕਾਰਨ। ਲੋਕਾਂ ਦੇ ਮਨਾਂ ਅੰਦਰ ਖੁਸਰਿਆਂ ਪ੍ਰਤੀ ਕਾਫੀ ਸਨਮਾਨ ਵੀ ਹੈ। ਖ਼ੁਸ਼ੀ ਦੇ ਮੌਕੇ ਵਧਾਈ ਮੰਗਣ ਗਾਇਆਂ ਨੂੰ ਕੋਈ ਖਾਲੀ ਨਹੀਂ ਮੋੜਦਾ, ਅਜਿਹਾ ਕਰਨਾ ਬਦਸ਼ਗਨ ਸਮਝਿਆ ਜਾਂਦਾ ਹੈ।ਕਈ ਵਾਰ ਇਹ ਲੋਕ ਆਪਣੀ ਵਧਾਈ ਲੈਣ ਲਈ ਅੜ੍ਹ ਵੀ ਜਾਂਦੇ ਹਨ।ਮੂੰਹੋਂ ਮੰਗੀ ਵਧਾਈ ਨਾ ਮਿਲਣ ਕਰਕੇ ਇਹ ਲੋਕ ਭੱਦੀ ਤੇ ਅਸ਼ਲੀਲ ਸ਼ਬਦਾਵਲੀ ਵੀ ਵਰਤਦੇ ਹਨ।

ਜੇ ਗੱਲ ਇਹਨਾਂ ਦੀਆਂ ਰਸਮਾਂ ਦੀ ਕੀਤੀ ਜਾਵੇ ਤਾਂ ਇਹਨਾਂ ਦੀਆਂ ਰਸਮਾਂ ਵੀ ਸਮਾਜ ਵਿਚਲੇ ਹੋਰਨਾਂ ਲੋਕਾਂ ਦੀ ਤਰ੍ਹਾਂ ਸਧਾਰਨ ਹੁੰਦੀਆਂ ਹਨ। ਤਿਉਹਾਰ ਵਾਲੇ ਦਿਨ ਇਹ ਸਮਾਜ ਦੇ ਨਾਲ ਹੀ ਖ਼ੁਸ਼ੀਆਂ ਖੇੜਿਆਂ ਵਾਂਗ ਮਨਾਉਂਦੇ ਹਨ। ਇਹ ਮਾਈ ਨੰਦੀ ਦੀ ਪੂਜਾ ਕਰਦੇ ਹਨ, ਜੋ ਮਾਨਤਾ ਅਨੁਸਾਰ ਕੁੱਕੜ ਦੀ ਸਵਾਰੀ ਕਰਦੀ ਦਿਖਾਈ ਹੈ।ਇਸ ਤੋਂ ਬਿਨਾਂ ਇਹ ਸ੍ਰੀ ਰਾਮ ਚੰਦਰ ਅਤੇ ਸ਼ਿਵ ਭੋਲੇ ਦੀ ਪੂਜਾ ਕਰਦੇ ਹਨ। ਇਹ ਆਪਣੇ ਗੁਰੂ ਦੀ ਬਰਸੀ ਬੜੇ ਵਧੀਆ ਤਰੀਕੇ ਨਾਲ ਮਨਾਉਂਦੇ ਹਨ,ਜਿਸ ਨੂੰ ਇਹ 'ਰੋਟੀ ਦੇਣਾ' ਕਹਿੰਦੇ ਹਨ।ਇਹ ਰਸਮ 10 ਦਿਨ ਚਲਦੀ ਹੈ। ਨੇੜੇ-ਦੂਰੋਂ ਦੇ ਸਾਰੇ ਡੇਰਿਆਂ ਦੇ ਮੁੱਖੀ ਅਤੇ ਚੇਲੇ ਇਸ ਵਿੱਚ ਸ਼ਾਮਿਲ ਹੁੰਦੇ ਹਨ।ਆਏ ਮੁੱਖੀਆਂ ਅਤੇ ਚੇਲਿਆਂ ਨੂੰ 5-5 ਲੱਡੂ , ਬਾਲਟੀ ਅਤੇ ਨਕਦੀ ਭੇਟਾ ਵਜੋਂ ਦਿੱਤੀ ਜਾਂਦੀ ਹੈ। ਇੱਕ ਖੁਸਰੇ ਨੂੰ ਲਾੜਾ ਬਣਾ ਕੇ ,ਦੂਜੇ ਨੂੰ ਲਾੜੀ ਬਣਾ ਕੇ ਰੱਥ ਤੇ ਬਿਠਾ ਕੇ ਜਲੂਸ ਕੱਢਿਆ ਜਾਂਦਾ ਹੈ।ਬੇਸ਼ੱਕ ਇਹਨਾਂ ਦੇ ਆਪਣੇ ਵਿਆਹ ਨਹੀਂ ਹੁੰਦੇ, ਪਰ ਇਹ ਆਪਣੇ ਸਕੇ ਸੰਬੰਧੀਆਂ ਦੇ ਵਿਆਹਾਂ ਵਿੱਚ ਸ਼ਾਮਿਲ ਹੁੰਦੇ ਰਹਿੰਦੇ ਹਨ। ਅੱਜਕਲ੍ਹ ਇਹ ਮਰਨ ਦੀਆਂ ਰਸਮਾਂ ਖੁਸਰੇ ਦੀ ਜਾਤ ਅਤੇ ਧਰਮ ਅਨੁਸਾਰ ਹੀ ਕਰਦੇ ਹਨ। ਪਹਿਲਾਂ- ਪਹਿਲ ਇਹ ਲੋਕ ਕਿਸੇ ਖੁਸਰੇ ਦੇ ਮਰਨ

e-ISSN: 2348-6848
p-ISSN: 2348-795X
Volume 04 Issue 19
December 2017

**ਉਪਰੰਤ ਅਫਸੋਸ ਕਰਦੇ ਹੋਏ, ਉਸ ਦੀ ਲਾਸ਼ ਦੇ ਜੁੱਤੀਆਂ ਮਾਰਦੇ ਸਨ ਤਾਂ ਜੋ ਉਹ ਅਗਲੇ ਜਨਮ ਵਿੱਚ ਖੁਸਰਾ ਬਣ ਕੇ ਨਾ ਪੈਦਾ ਹੋ ਸਕੇ।**

**ਸਾਡੇ ਸਮਾਜ ਵਿੱਚ ਖੁਸਰਿਆਂ ਨੂੰ ਬੁਰੀ ਨਜ਼ਰ ਨਾਲ ਵੇਖਿਆ ਜਾਂਦਾ ਹੈ,ਅਸਲ ਵਿੱਚ ਖੁਸਰੇ ਸਾਡੀ ਖ਼ੁਸ਼ੀ ਵਿੱਚ ਹੀ ਆਪਣੀ ਖ਼ੁਸ਼ੀ ਲੱਭਦੇ ਹਨ। ਕੀ ਉਨ੍ਹਾਂ ਦੀਆਂ ਆਪਣੀਆਂ ਖ਼ੁਸ਼ੀਆਂ ਅਤੇ ਚਾਅ ਨਹੀਂ ?ਕਿਉਂ ਉਨ੍ਹਾਂ ਨੂੰ ਸਮਾਜ ਦਾ ਇੱਕ ਅਲੱਗ ਅਤੇ ਵੱਖਰਾ ਫਿਰਕਾ ਸਮਝਿਆ ਜਾਂਦਾ ਹੈ ?ਸਦਾ 'ਮੇਰਾ ਦਿਨ ਵਡਭਾਗੀ ਆਇਆ ' ਕਹਿਣ ਵਾਲਿਆਂ ਲਈ ਕਿਹੜਾ ਦਿਨ ਵਡਭਾਗੀ ਹੈ ? ਕਿਉਂ ਨਹੀਂ ਉਹ ਆਮ ਮਨੁੱਖਾਂ ਵਾਂਗ ਹੀ ਕੰਮ ਕਰਦੇ ਨਜ਼ਰ ਆਉਂਦੇ ?**

**ਸਾਡੇ ਸਮਾਜ ਵਿੱਚ ਹਿਜੜੇ,ਖੁਸਰੇ, ਕਿੰਨਰ ਤੇ ਜਨਖੇ ਆਦਿ ਤ੍ਰਿਸਕਾਰੇ ਲੋਕ ਹਨ।ਆਮ ਬੰਦਾ ਇਹਨਾਂ ਨੂੰ ਬਾਜ਼ਾਰਾਂ, ਮਹੁੱਲਿਆਂ,ਵਿਆਹਾਂ ਜਾਂ ਨਵਜੰਮੇ ਮੁੰਡੇ ਵਾਲੇ ਘਰ ਅੱਗੇ ਗਾਉਂਦੇ ,ਨੱਚਦੇ, ਮੰਗਦੇ ਤੇ ਅਜੀਬ -ਅਸ਼ਲੀਲ ਹਰਕਤਾਂ ਕਰਦੇ ਦੇਖ ਜਾਂ ਤਾਂ ਸ਼ਰਮਿੰਦਾ ਜਿਹਾ ਮਹਿਸੂਸ ਕਰਦਾ ਹੈ ਜਾਂ ਮੁਸੀਬਤ ਸਮਝ ਕੇ ਪੱਲਾ ਛੁਡਾਉਂਣਾ ਚਾਹੁੰਦਾ ਹੈ।ਇਹ ਸਿਰਫ਼ ਮਰਦਾਂ ਦਾ ਹੀ ਨਹੀਂ ਸਗੋਂ ਔਰਤਾਂ ਦਾ ਰਵੱਈਆਂ ਵੀ ਕੁੱਝ ਇਸ ਤਰ੍ਹਾਂ ਦਾ ਹੀ ਹੁੰਦਾ ਹੈ। ਸਮਾਜ ਦੇ ਇਸ ਰਵੱਈਏ ਨੂੰ ਹਿਜੜੇ ਵੀ ਚੰਗੀ ਤਰ੍ਹਾਂ ਜਾਣਦੇ ਹਨ। ਯਹੂਦੀ ਚਿੰਤਕ ਮਇਰਤਿਨ ਬੂਬਰ ਦਾ ਕਹਿਣਾ ਹੈ ਕਿ ਦੂਜੇ/ਪਰ ਨੂੰ ਸਮਝਣਾ ਦਰ ਅਸਲ ਆਪਣੇ ਆਪ ਨੂੰ ਹੀ ਸਮਝਣਾ ਹੈ।ਅਸੀਂ ਆਮ ਲੋਕ ਸਿਰਫ਼ ਹਿਜੜਿਆਂ, ਖੁਸਰਿਆਂ ਦੇ ਗਲੀਆਂ, ਬਜ਼ਾਰਾਂ 'ਚ ਸਾਹਮਣੇ ਆਏ ਵਿਵਹਾਰ ਤੋਂ ਹੀ ਜਾਣੂ ਹਾਂ। ਅਸੀਂ ਉਹਨਾਂ ਦੇ ਜੀਵਨ ਦੇ ਬਹੁਤ ਸਾਰੇ ਲੁੱਕੇ ਪੱਖਾਂ ਤੋਂ ਜਾਣੂ ਨਹੀਂ, ਇਸੇ ਲਈ ਇਹ ਆਮ ਸਾਧਾਰਨ ਬੰਦੇ ਲਈ ਜੀਵਤ ਪ੍ਰਾਣੀ ਹੋ ਕੇ ਓਪਰੇ ਹਨ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਸਮਾਜ ਦੇ ਇਹਨਾਂ ਤ੍ਰਿਸਕਾਰੇ ਲੋਕਾਂ ਬਾਰੇ ਜੁੜੀਆਂ ਮਿੱਥਾਂ ਤੋਂ ਅਤੇ ਆਪਣੀਆਂ ਪੂਰਵਧਾਰਨਾਵਾਂ ਤੋਂ ਪੂਰੀ ਤਰ੍ਹਾਂ ਮੁਕਤ ਹੋਈਏ।**

...........................................................................................

Gurbinder Singh: **ਹਵਾਲੇ ਅਤੇ ਟਿੱਪਣੀਆਂ**

1. Introduction to the Reproductive System:-Epidemiology and End Results (SEER)program

2.**ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਵਿਸ਼ਵ ਲੋਕਧਾਰਾ ਕੋਸ਼, ਨੈਸ਼ਨਲ ਬੁੱਕ ਸ਼ਾਪ ਦਿੱਲੀ, ਪੰਨਾ**-730

3.**ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਵਿਸ਼ਵ ਲੋਕਧਾਰਾ ਕੋਸ਼, ਨੈਸ਼ਨਲ ਬੁੱਕ ਸ਼ਾਪ ਦਿੱਲੀ, ਪੰਨਾ**-730

4. Introduction to the Reproductive System, Epidemiology and End Results (SEER)

5.**ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼,ਪ੍ਰਭਾਸ਼ਿਕ ਸ਼ਬਦਾਵਲੀ।**